# India’s participation in the video conference of SAARC Health Ministers on COVID-19 hosted by Pakistan

April 23, 2020

……………………………………………………………………………………………

## ਪਾਕਿਸਤਾਨ ਵੱਲੋਂ ਕੋਵਿਡ-19 ਬਾਰੇ ਕਰਾਈ ਗਈ ਸਾਰਕ ਸਿਹਤ ਮੰਤਰੀਆਂ ਦੀ ਵੀਡੀਓ ਕਾਨਫਰੰਸ ਵਿੱਚ ਭਾਰਤ ਦੀ ਭਾਗੀਦਾਰੀ

23 ਅਪ੍ਰੈਲ, 2020

23 ਅਪ੍ਰੈਲ, 2020 ਨੂੰ ਪਾਕਿਸਤਾਨ ਵੱਲੋਂ ਕੋਵਿਡ -19 ਬਾਰੇ ਕਰਾਈ ਗਈ ਸਾਰਕ ਸਿਹਤ ਮੰਤਰੀਆਂ ਦੀ ਵੀਡੀਓ ਕਾਨਫਰੰਸ ਵਿੱਚ ਭਾਰਤ ਦੀ ਨੁਮਾਇੰਦਗੀ ਸਿਹਤ ਸੇਵਾਵਾਂ ਦੇ ਡਾਇਰੈਕਟਰ ਜਨਰਲ ਨੇ ਕੀਤੀ, ਜਿਨ੍ਹਾਂ ਦੀ ਮਦਦ ਲਈ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼, ਨਵੀਂ ਦਿੱਲੀ ਅਤੇ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਦੇ ਮਾਹਰ ਵੀ ਸਨ। ਜ਼ਿਆਦਾਤਰ ਸਾਰਕ ਦੇਸ਼ਾਂ ਦੀ ਪ੍ਰਤੀਨਿਧਤਾ ਅਧਿਕਾਰਤ ਪੱਧਰ 'ਤੇ ਹੋਈ।

ਇਹ ਪ੍ਰੋਗਰਾਮ 26 ਮਾਰਚ, 2020 ਨੂੰ ਭਾਰਤ ਵੱਲੋਂ ਕਰਾਈ ਗਈ ਸੀਨੀਅਰ ਸਿਹਤ ਪੇਸ਼ੇਵਰਾਂ ਦੀ ਇੱਕ ਵੀਡੀਓ ਕਾਨਫਰੰਸ ਤੋਂ ਬਾਅਦ ਹੋਇਆ, ਜੋ ਕੋਵਿਡ -19 ਵਿਰੁੱਧ ਵਧੇਰੇ ਖੇਤਰੀ ਸਹਿਯੋਗ ਨੂੰ ਉਤਸ਼ਾਹਤ ਕਰਨ ਵਿੱਚ ਲਾਹੇਵੰਦ ਅਤੇ ਨਤੀਜਾ-ਮੁਖੀ ਅਭਿਆਸ ਸਾਬਤ ਹੋਇਆ ਸੀ।

ਭਾਰਤ ਵੱਲੋਂ 26 ਮਾਰਚ ਦੀ ਵੀਡੀਓ ਕਾਨਫਰੰਸ ’ਚ ਕੀਤੀ ਗਈ ਬ੍ਰੀਫਿੰਗ ਨੂੰ ਆਧਾਰ ਬਣਾ ਕੇ ਕੋਵਿਡ -19 ਦੇ ਮੌਜੂਦਾ ਹਾਲਾਤ ਬਾਰੇ ਭਾਰਤ ਦੇ ਵਿਆਪਕ ਪ੍ਰਤੀਕਰਮ ਦਾ ਵਿਸਥਾਰ ਨਾਲ ਲੇਖਾ ਜੋਖਾ ਪੇਸ਼ ਕੀਤਾ ਗਿਆ, ਜਿਸ ਵਿੱਚ ਭਾਰਤ ਦੁਆਰਾ ਜ਼ਰੂਰੀ ਸਮੱਗਰੀ ਅਤੇ ਦਵਾਈਆਂ ਦੇ ਉਤਪਾਦਨ ਅਤੇ ਦਵਾਈਆਂ ਬਾਰੇ ਖੋਜ ਕਰਨ ਦੀ ਸਮਰੱਥਾ ਵਿੱਚ ਵਾਧਾ ਕਰਨਾ ਸ਼ਾਮਲ ਹੈ। ਇਸ ਬੈਠਕ ਦੌਰਾਨ ਭਾਰਤ ਨੇ ਸਮੁਦਾਇਕ ਪਹੁੰਚ ਅਤੇ ਦਖਲ ਨੂੰ ਵਧਾਉਣ ਵਿੱਚ ਮੋਬਾਈਲ ਐਪ ‘ਆਰੋਗਯ ਸੇਤੂ’ ਵਰਗੇ ਨਵੇਂ ਅਤੇ ਨਵੀਨਤਾਕਾਰੀ ਹੱਲਾਂ ਦੀ ਸਫਲ ਵਰਤੋਂ ਅਤੇ ਅਤੇ ਚੰਗੇ ਭਵਿੱਖ ਬਾਰੇ ਵੀ ਚਾਨਣਾ ਪਾਇਆ।

ਇਸ ਖੇਤਰ ਵਿਚ ਸਹਿਯੋਗ ਅਤੇ ਏਕਤਾ ਦੀ ਭਾਵਨਾ, ਜੋ 15 ਮਾਰਚ, 2020 ਨੂੰ ਸਾਰਕ ਆਗੂਆਂ ਨਾਲ ਹੋਈ ਪ੍ਰਧਾਨ ਮੰਤਰੀ ਮੋਦੀ ਦੀ ਵੀਡੀਓ ਕਾਨਫਰੰਸ ਕਾਰਨ ਹੋਰ ਮਜ਼ਬੂਤ ਹੋ ਗਈ, ਨਾਲ ਇਸ ਖੇਤਰ ਦੇ ਲੋਕਾਂ ਦੀ ਤਕਲੀਫਾਂ ਨੂੰ ਘਟਾਉਣ ਲਈ ਬਾਅਦ ਵਿੱਚ ਕਈ ਉਪਾਅ ਚੁੱਕੇ ਜਾਣ ਕਰਕੇ ਕੋਵਿਡ -19 ਖਿਲਾਫ ਜੰਗ ਵਿਚ ਕਾਫ਼ੀ ਤਰੱਕੀ ਹੋਈ ਹੈ। ਸਾਰਕ ਕੋਵਿਡ -19 ਐਮਰਜੈਂਸੀ ਫੰਡ ਦੀ ਸਥਾਪਨਾ ਅਤੇ ਵਰਤੋਂ, ਸਾਰਕ ਬਿਪਤਾ ਪ੍ਰਬੰਧਨ ਕੇਂਦਰ (SDMC-IU), ਗਾਂਧੀਨਗਰ ਦੁਆਰਾ ਸਮਰਪਿਤ ਵੈਬਸਾਈਟ ਬਣਾਇਆ ਜਾਣਾ ਅਤੇ ਸਿਹਤ ਅਤੇ ਵਪਾਰਕ ਅਧਿਕਾਰੀਆਂ ਦੇ ਆਪਸੀ ਸੰਪਰਕ ਲਈ ਰੀਯਲ ਟਾਈਮ ਸਟੈਂਡ -ਅਲੋਨ ਨੈੱਟਵਰਕਿੰਗ ਕਰਨਾ ਸ਼ਾਮਲ ਹਨ।

ਭਾਰਤ ਨੇ ਸਾਰੇ ਸਾਰਕ ਦੇਸ਼ਾਂ ਦੀ ਵਰਤੋਂ ਲਈ ਇੱਕ ਇਲੈਕਟ੍ਰਾਨਿਕ ਪਲੇਟਫਾਰਮ ਯਾਨੀ ‘ਸਾਰਕ ਕੋਵਿਡ 19 ਇਨਫਰਮੇਸ਼ਨ ਐਕਸਚੇਂਜ ਪਲੇਟਫਾਰਮ (COINEX)’ ਬਣਾਇਆ ਹੈ। ਅਗਲੇ ਵੱਡੇ ਕਦਮ ਦੇ ਤੌਰ ਤੇ ਇਸ ਮੰਚ ਨੂੰ ਇਸ ਖੇਤਰ ਦੇ ਨਾਮਜ਼ਦ ਸਿਹਤ ਪੇਸ਼ੇਵਰਾਂ ਦਰਮਿਆਨ ਕੋਵਿਡ -19 ਬਾਰੇ ਵਿਸ਼ੇਸ਼ ਜਾਣਕਾਰੀ ਅਤੇ ਸਾਧਨਾਂ ਦੇ ਵਟਾਂਦਰੇ ਲਈ ਅਰੰਭਿਆ ਜਾਵੇਗਾ। COINEX 'ਤੇ ਵੱਖ-ਵੱਖ ਆਨਲਾਈਨ ਟਰੇਨਿੰਗ ਸਰੋਤ ਅਤੇ ਈ-ਲਰਨਿੰਗ ਮੋਡਯੂਲ ਵੀ ਮੁਹੈਇਆ ਹੋਣਗੇ।

ਇਹ ਵਰਚੁਅਲ ਬੈਠਕ ਸਮੁੱਚੇ ਖੇਤਰ ਦੀ ਭਲਾਈ ਲਈ ਕੋਵਿਡ -19 ਖਿਲਾਫ ਸਾਂਝੀ ਜੰਗ ਵਿੱਚ ਗਿਆਨ, ਮਹਾਰਤ ਅਤੇ ਸਰਬੋਤਮ ਪ੍ਰਥਾਵਾਂ ਦੀ ਵਧੇਰੇ ਸਾਂਝੇਦਾਰੀ ਪ੍ਰਤੀ ਭਾਰਤ ਦੀ ਦ੍ਰਿੜ ਵਚਨਬੱਧਤਾ ਨੂੰ ਜ਼ਾਹਰ ਕਰਨ ਦਾ ਮੌਕਾ ਸੀ।

ਨਵੀਂ ਦਿੱਲੀ

23 ਅਪ੍ਰੈਲ, 2020

DISCLAIMER: This is an approximate translation. The original is available in English on MEA’s website and may be referred to as the official press release.